# ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਐਸ.ਏ.ਐਸ ਨਗਰ, ਪੰਜਾਬ।
## (ਪ੍ਰਮੋਸ਼ਨ ਸੈੱਲ)

## ਦਫ਼ਤਰੀ ਕਾਰਜ ਲਈ ਨੋਟਿਸ

ਨੰਬਰ 2026201177

ਮਿਤੀ- 03-08-2026

1. ਵਿਭਾਗ ਵੱਲੋਂ ਲੈਕਚਰਾਰ ਕਾਡਰ, ਹੈਡ ਮਾਸਟਰ ਅਤੇ ਵੋਕੇਸ਼ਨਲ ਲੈਕਚਰਾਰ ਕਾਡਰ ਦੀ ਸੀਨੀਆਰਤਾ ਨੂੰ ਅੰਤਿਮ ਰੂਪ ਦੇ ਕੇ ਵਿਭਾਗ ਦੀ ਵੈੱਬ-ਸਾਈਟ ਤੇ ਜਨਤਕ ਕਰ ਦਿੱਤਾ ਗਿਆ ਹੈ।
2. ਵਿਭਾਗ ਵੱਲੋਂ ਜਾਰੀ ਕੀਤੀਆਂ ਗਈਆਂ ਸੀਨੀਆਰਤਾਵਾਂ ਦੇ ਆਧਾਰ ਤੇ ਪ੍ਰਿੰਸੀਪਲ ਕਾਡਰ ਦੀਆਂ ਪਦ-ਉੱਨਤੀਆਂ ਕੀਤੀਆਂ ਜਾਣੀਆਂ ਹਨ। ਇਹ ਪੱਦ ਉਨੱਤੀਆਂ ਵਿਭਾਗ ਵੱਲੋਂ ਬਾਰਡਰ/ਨਾਨ ਬਾਰਡਰ ਏਰੀਆ ਅਨੁਸਾਰ ਕੀਤੀਆਂ ਜਾਣੀਆਂ ਹਨ। ਜਿਸ ਲਈ ਵਿਭਾਗ ਵੱਲੋਂ ਬਾਰਡਰ/ਨਾਨ ਬਾਰਡਰ ਸਬੰਧੀ ਸਟੇਸ਼ਨ ਚੁਆਇਸ ਦੀ ਆਪਸ਼ਨ ਲੈਣ ਉਪਰੰਤ ਇਹ ਪੱਦ ਉਨੱਤੀ ਦੀ ਪ੍ਰਕ੍ਰਿਆ ਮੁਕੰਮਲ ਕੀਤੀ ਜਾਵੇਗੀ। ਇਸ ਲਈ ਵਿਭਾਗ ਵੱਲੋਂ ਸਮੇਂ ਸਮੇਂ ਸਿਰ ਜਾਰੀ ਕੀਤੇ ਗਏ ਵਿਭਾਗੀ ਰੂਲਾਂ ਅਤੇ ਮਾਪ-ਦੰਢਾਂ ਅਨੁਸਾਰ ਮਿਤੀ 30.06.2026 ਤੱਕ ਸ਼ਰਤਾ ਪੂਰੀਆਂ ਕਰਨ ਵਾਲੇ ਲੈਕਚਰਾਰ, ਹੈੱਡ ਮਾਸਟਰ ਅਤੇ ਵੋਕੇਸ਼ਨਲ ਲੈਕਚਰਾਰ(ਕੰਮ ਕਰਦੇ) ਦੇ ਕੇਸ ਹੇਠ ਲਿਖੇ ਅਨੁਸਾਰ ਮੰਗੇ ਜਾਂਦੇ ਹਨ:-

| ਲੜੀ ਨੰ. | ਕਾਡਰ | ਕੈਟਾਗਰੀ | ਵਿਸ਼ੇਸ਼ ਕਥਨ |
|---|---|---|---|
| 1 | ਲੈਕਚਰਾਰ | Open<br>SC<br>PH | ਮਿਤੀ 13.11.2025 ਰਾਹੀਂ ਜਾਰੀ ਕੀਤੀ ਲੈਕਚਰਾਰ ਕਾਡਰ ਦੀ ਸੀਨੀਆਰਤਾ ਦੇ ਵਾਲਿਅਮ-2 ਅਨੁਸਾਰ ਸੀਨੀਆਰਤਾ ਨੰ.6447 ਤੋਂ 7000 ਤੱਕ ਦੇ ਮੋਜੂਦਾ ਕੰਮ ਕਰਦੇ ਲੈਕਚਰਾਰ। |
| 2 | ਹੈੱਡ ਮਾਸਟਰ | Open<br>SC<br>PH | ਮਿਤੀ 05.01.2026 ਰਾਹੀਂ ਜਾਰੀ ਕੀਤੀ ਹੈੱਡ ਮਾਸਟਰ ਕਾਡਰ ਦੀ ਸੀਨੀਆਰਤਾ ਦੇ ਸੀਨੀਆਰਤਾ ਨੰ. 2700 ਤੱਕ ਦੇ ਮੋਜੂਦਾ ਕੰਮ ਕਰਦੇ ਹੈੱਡ ਮਾਸਟਰ। |
| 3 | ਵੋਕਸ਼ਨਲ ਕਾਡਰ | Open<br>SC<br>PH | ਮਿਤੀ 15.07.2026 ਰਾਹੀਂ ਜਾਰੀ ਕੀਤੀ ਵੋਕੇਸ਼ਨਲ ਲੈਕਚਰਾਰ ਦੀ ਸੀਨੀਆਰਤਾ ਦੇ ਸੀਨੀਆਰਤਾ ਨੰ. 1200 ਤੱਕ ਦੇ ਮੋਜੂਦਾ ਕੰਮ ਕਰਦੇ ਵੋਕੇਸ਼ਨਲ ਲੈਕਚਰਾਰ। |

3. ਉਕਤ ਅਨੁਸਾਰ ਮੰਗੇ ਗਏ ਕੇਸਾਂ ਵਿਚੋਂ ਸੀਨੀਆਰਤਾ ਅਤੇ ਪਾਤਰਤਾ ਅਨੁਸਾਰ ਕੇਵਲ ਯੋਗ ਕਰਮਚਾਰੀਆਂ ਦੇ ਕੇਸ ਪ੍ਰਿੰਸੀਪਲ ਕਾਡਰ ਦੀਆਂ ਰੋਸਟਰ ਨੁਕਤਿਆਂ ਅਨੁਸਾਰ ਖਾਲੀ ਆਸਾਮੀਆਂ ਵਿਰੁੱਧ ਵਿਚਾਰੇ ਜਾਣੇ ਹਨ। ਇਸ ਲਈ ਵਿਭਾਗ ਨੂੰ ਕੇਸ ਭੇਜਣ ਨਾਲ ਕੋਈ ਵੀ ਕਰਮਚਾਰੀ **ਪਦ-ਉੱਨਤੀ ਦਾ ਦਾਅਵੇਦਾਰ ਨਹੀਂ** ਹੋਵੇਗਾ।
4. ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰਾਂ ਵੱਲੋਂ ਮਿਤੀ 10.08.2026 ਦੁਪਿਹਰ 12.00 ਵਜੇ ਤੱਕ, ਇਸ ਨੋਟਿਸ ਨਾਲ ਭੇਜੀ ਜਾ ਰਹੀ ਐਕਸਲ ਸ਼ੀਟ ਵਿੱਚ ਤਿਆਰ ਕਰਕੇ, ਇਸ ਦਫ਼ਤਰ ਦੀ ਈ-ਮੇਲ ਆਈ.ਡੀ. **pescadre.promotions2025@gmail.com** ਤੇ ਭੇਜਣੇ ਯਕੀਨੀ ਬਣਾਏ ਜਾਣ।
5. ਪਦ-ਉੱਨਤੀ ਦੇ ਮੁਕੰਮਲ ਅਸਲ ਕੇਸਾਂ ਦੀਆਂ ਮਿਸਲਾਂ ਦਸਤੀ ਜਿਲਾ ਸਿੱਖਿਆ ਅਫ਼ਸਰਾਂ ਰਾਹੀਂ ਮਿਤੀ 14.08.2026 ਨੂੰ ਸ਼ਾਮ 5.00 ਵਜੇ ਤੱਕ ਇਸ ਦਫ਼ਤਰ ਵਿਖੇ ਪੁਜਦੀਆਂ ਕੀਤੀਆਂ ਜਾਣਗੀਆਂ ਅਤੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਇਹ ਵੀ ਤਸਦੀਕ ਕੀਤਾ ਜਾਵੇਗਾ ਕਿ ਉਸ ਦੇ ਜ਼ਿਲੇ ਵਿੱਚ ਇਹਨਾਂ ਕੇਸਾਂ ਤੋਂ ਇਲਾਵਾ ਕੋਈ ਵੀ ਕੇਸ ਪੈਡਿੰਗ ਨਹੀ ਹੈ।
6. **ਵਿਭਾਗ ਵੱਲੋਂ ਜਿਨ੍ਹਾਂ ਕਰਮਚਾਰੀਆਂ (ਲੈਕਚਰਾਰ ਅਤੇ ਵੋਕੇਸ਼ਨਲ ਲੈਕਚਰਾਰ) ਦੇ ਕੇਸ ਪਹਿਲਾ ਮਿਤੀ 14.11.2025 ਦੇ ਨੋਟਿਸ ਰਾਹੀਂ ਮੰਗੇ ਗਏ ਸਨ, ਉਹਨਾਂ ਕਰਮਚਾਰੀਆਂ ਦੀ ਸਾਲ 2024-25 ਦੀ ਏ.ਸੀ.ਆਰ ਅਤੇ ਨਾਲ ਨੱਥੀ ਪ੍ਰੋਫਾਰਮੇ (ਅਨੁੱਲਗ-ਏ) ਮੁਕੰਮਲ ਕਰਦੇ ਹੋਏ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਤੋਂ ਪ੍ਰਤੀ ਹਸਤਾਖਰ ਕਰਵਾਕੇ ਮਿਤੀ 14.08.2026 ਤੱਕ ਇਸ ਦਫਤਰ ਨੂੰ ਨਿਜ਼ੀ ਪੱਧਰ ਤੇ ਵਿਸ਼ੇਸ਼ ਹਰਕਾਰੇ ਰਾਹੀਂ ਭੇਜਣੇ ਯਕੀਣੀ ਬਣਾਏ ਜਾਣ।**

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)